ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵਿੱਚ ਪ੍ਰੋਫੈਸਰ / ਐਸੋਸੀਏਟ ਪ੍ਰੋਫੈਸਰ / ਸਹਾਇਕ ਪ੍ਰੋਫੈਸਰ ਦੀਆਂ ਅਸਾਮੀਆਂ ਪਦ-ਉਨਤੀ ਰਾਹੀਂ ਭਰਨ ਬਾਰੇ ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 20-06-14 ਨੂੰ ਸਵੇਰੇ 10:00 ਵਜੇ ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਜੀ ਦੇ ਦਫਤਰ ਵਿੱਚ ਹੋਈ ਮੀਟਿੰਗ ਦੀ ਕਾਰਵਾਈ ।

****

ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਵਿਭਾਗ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 20-06-14 ਨੂੰ ਸਵੇਰੇ 10:00 ਵਜੇ ਹੋਈ, ਜਿਸ ਵਿੱਚ ਹੇਠ ਲਿਖੇ ਕਮੇਟੀ ਦੇ ਮੈਂਬਰ ਸ਼ਾਮਲ ਹੋਏ:-

1) ਡਾ: ਤੇਜਬੀਰ ਸਿੰਘ, ਡਾਇਰੈਕਟਰ, ਖੋਜ ਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ

2) ਸ਼੍ਰੀ ਕਸ਼ਮੀਰਾ ਸਿੰਘ, ਬਜਟ ਅਫਸਰ, ਵਿੱਤ ਵਿਭਾਗ
(ਭਲਾਈ ਵਿਭਾਗ ਦਾ ਨੁਮਾਇੰਦਾ)

3) ਸ਼੍ਰੀ ਮਹਿੰਦਰ ਸਿੰਘ ਪਰਾਸ਼ਰ, ਅਧੀਨ ਸਕੱਤਰ,
(ਪ੍ਰਸੋਨਲ ਵਿਭਾਗ ਦਾ ਨੁਮਾਇੰਦਾ)

4) ਸ਼੍ਰੀ ਸੰਤੋਸ਼ ਕੌਰ, ਸੁਪਰਡੰਟ
ਦਫਤਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ।
(ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਦਾ ਨੁਮਾਇੰਦਾ)

2. ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਵੱਲੋਂ ਸ਼੍ਰੀ ਮਨਮੋਹਨ ਸਿੰਘ, ਅਧੀਨ ਸਕੱਤਰ ਅਤੇ ਕੁਲਵੰਤ ਸਿੰਘ, ਸੁਪਰਡੰਟ, ਸਿਹਤ - 3 ਸ਼ਾਖਾ ਅਤੇ ਮੁੱਖ ਦਫਤਰ, ਡੀ.ਆਰ.ਐਮ.ਈ. ਤੋਂ ਡਾ: ਜਸਬੀਰ ਸਿੰਘ, ਨੋਡਲ ਅਫਸਰ ਅਤੇ ਕਰਨੈਲ ਸਿੰਘ, ਸੁਪਰਡੰਟ, ਵੀ ਮੀਟਿੰਗ ਵਿੱਚ ਹਾਜਰ ਹੋਏ ।

3. ਪ੍ਰੋਫੈਸਰ ਦੀ ਅਸਾਮੀ ਪੇ-ਸਕੇਲ 37400-67000+10000 ਗਰੇਡ ਪੇ ਵਿੱਚ , ਐਸੋਸੀਏਟ ਪ੍ਰੋਫੈਸਰ ਦੀ ਅਸਾਮੀ ਪੇ-ਸਕੇਲ 37400-67000+8900 ਗਰੇਡ ਪੇ ਵਿੱਚ ਅਤੇ ਸਹਾਇਕ ਪ੍ਰੋਫੈਸਰ ਦੀ ਅਸਾਮੀ ਪੇ-ਸਕੇਲ 37400-67000+8600 ਗਰੇਡ ਪੇ ਵਿੱਚ ਗਰੁੱਪ -ਏ ਦੀਆਂ ਅਸਾਮੀਆਂ ਹਨ । ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਨੰ:4/6/2000-3ਪੀ.ਪੀ.1/13720, ਮਿਤੀ 06-09-2001 ਦੇ ਉਪਬੰਧਾਂ ਅਨੁਸਾਰ ਗਰੁੱਪ-ਏ ਦੀਆਂ ਉਕਤ ਅਸਾਮੀਆਂ ਲਈ ਪਿਛਲੀਆਂ 5 ਗੁਪਤ ਰਿਪੋਰਟਾਂ ਦੇ ਅਧਾਰ ਤੇ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਨਿਸਚਿਤ ਹੈ ਅਤੇ ਕੋਈ ਸੁਪਰਸੈਸ਼ਨ ਨਹੀਂ ਹੈ ।

4. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵੱਲੋਂ ਮੀਟਿੰਗ ਵਿੱਚ ਅਜੰਡੇ ਪੇਸ਼ ਕੀਤੇ ਗਏ ਅਤੇ ਹਰ ਇੱਕ ਅਸਾਮੀ ਦੇ ਸਬੰਧ ਵਿੱਚ ਕਮੇਟੀ ਨੂੰ ਬਰੀਫ ਕੀਤਾ ਗਿਆ ਅਤੇ ਇਸ ਉਪਰੰਤ ਅਜੰਡੇ ਵਿੱਚ ਦਰਜ ਡਾਕਟਰਾਂ ਦਾ ਰਿਕਾਰਡ ਵਿਭਾਗੀ ਤਰੱਕੀ ਕਮੇਟੀ ਵੱਲੋਂ ਵਿਚਾਰਨ ਉਪਰੰਤ ਪਦ-ਉਨਤੀ ਲਈ ਹੇਠ ਅਨੁਸਾਰ ਸਿਫਾਰਸ਼ਾਂ ਕੀਤੀਆਂ ਗਈਆਂ ਹਨ:-

(1) <u>ਪ੍ਰੋਫੈਸਰ (ਟੀ.ਬੀ. ਐਂਡ ਚੈਸਟ) - ਖਾਲੀ=1 ( ਜਨਰਲ ਵਰਗ ਲਈ ):-</u>

ਡਾ: ਬਲਬੀਰ ਮਲਹੋਤਰਾ, ਐਸੋਸੀਏਟ ਪ੍ਰੋਫੈਸਰ(ਟੀ.ਬੀ.ਐਂਡ ਚੈਸਟ), ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਡਾਕਟਰ ਬਲਬੀਰ ਮਲਹੋਤਰਾ ਨੂੰ ਪਦ-ਉਨਤੀ ਲਈ ਸਿਫਾਰਸ਼ ਕੀਤਾ ਜਾਂਦਾ ਹੈ । ਇਹ ਡਾਕਟਰ ਐਮ.ਸੀ.ਆਈ. ਦੇ ਨਾਰਮ ਪੂਰਾ ਕਰਦਾ ਹੈ ਅਤੇ ਇਸ ਦੀ ਪਬਲੀਕੇਸ਼ਨ ਹੇਠ ਅਨੁਸਾਰ ਹਨ:-

(i) B.M. Kallan, B. Malhotra and A.K. Chopra, Bronchogenic Carcinoma in a patient with situs inverus : A case report-Indian journal of tuberculosis, vol XXX NO.3, july 1983, PP 121-122 (Indexed in MEDLINE of National Library of Medicine, USA, IndexMeducus, Pbmed).

(ii) Balbir Malhotra and B.M.Kallan. An Unusual Foeign Body in Tracheobronchial Tree Removed by Fiberoptic Bronchoscope – indian journal of chest disease & allied science. Vol 35, issue 2 1993 pp 85-88, (Indexded in Index Medicus, Medline, pubmed, INSEAR. And Ulrich's Directory).

(iii) Balbir Malhotra and B.M Kallan. Pulmonary Alveolar microlithiasis-a case report-Indian jouran of tuberculosis; vol. 40, 1993 pp 31-33 (Indexed in MEDLINE of National Library of Medicine, USA, Pbmed)

(iv) Deepak Aggarwal, PrasantaRaghabKohapatra, Acquired bronchoesophagealfistual-Lung India, Vol 26, Issue I, Jan-Mar 2009 pp 24-25 (Indexed: pubmed, MedInd, Indmed).

(v) Balbir Malhotra, Raghu Sbharwal, Mandeep Singh, Amarjeet Singh. Pulmonary Alveolar microlithiasis with calcified pleural plaques-Lung Inda, vol 27, issue 4 October-December 2010 pp 250-252 (Indexed: pubmed, medlnd, IndMed).

(2) <u>ਐਸੋਸੀਏਟ ਪ੍ਰੋਫੈਸਰ ( ਫਰਾਂਸਿਕ ਮੈਡੀਸਨ) - ਖਾਲੀ=1 ( ਅ:ਜਾਤੀ ਲਈ ):-</u>

(1) ਡਾ: ਕੁਲਦੀਪ ਕੁਮਾਰ, ਸਹਾਇਕ ਪ੍ਰੋਫੈਸਰ (ਫਰਾਂਸਿਕ ਮੈਡੀਸਨ), ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ (ਐਸ.ਸੀ.) ਜੋ ਕਿ ਮਿਤੀ 11-2-14 ਨਿਯੁਕਤ ਹੋਇਆ ਸੀ । ਉਹ ਐਸੋਸੀਏਟ ਪ੍ਰੋਫੈਸਰ ਦੀ ਅਸਾਮੀ ਤੇ ਤਰੱਕੀ ਲਈ ਲੋੜੀਂਦਾ 3 ਸਾਲ ਦਾ ਤਜਰਬਾ ਮਿਤੀ 10-2-2017 ਨੂੰ ਪੂਰਾ ਕਰਦਾ ਹੈ । ਇਸ ਲਈ ਕਮੇਟੀ ਵੱਲੋਂ ਤਰੱਕੀ ਲਈ ਸਿਫਾਰਸ ਨਹੀਂ ਕੀਤੀ ਗਈ ਹੈ ।

(2) ਕਿਉਂ ਜੋ ਫਰਾਂਸਿਕ ਮੈਡੀਸਨ ਵਿਭਾਗ ਵਿੱਚ ਇੱਕੋ ਹੀ ਐਸੋਸੀਏਟ ਪ੍ਰੋਫੈਸਰ ਦੀ ਅਸਾਮੀ ਖਾਲੀ ਹੈ, ਜੋ ਕਿ ਵਿਦਿਆਰਥੀਆਂ ਦੀ ਪੜ੍ਹਾਈ ਦੇ ਹਿੱਤ ਵਿੱਚ ਭਰਨੀ ਅਤਿਅੰਤ ਲੋੜੀਂਦੀ ਹੈ । ਇਸ ਲਈ ਕਮੇਟੀ ਵੱਲੋਂ ਲੜੀ ਨੰ:1 ਤੇ ਡਾ: ਡੀ.ਐਸ.ਭੁੱਲਰ, ਸਹਾਇਕ ਪ੍ਰੋਫੈਸਰ (ਜਨਰਲ ਵਰਗ), ਜੋ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਕਰਦਾ ਹੈ , ਦੀ ਪਦ-ਉਨਤੀ ਲਈ ਸਿਫਾਰਸ ਕੀਤੀ ਗਈ ਹੈ ਕਿ ਇਸ ਡਾਕਟਰ ਦੀ ਪਦ-ਉਨਤੀ ਕਰਨ ਲਈ ਰਾਖਵੀਂ ਅਸਾਮੀ ਨੂੰ ਭਲਾਈ ਵਿਭਾਗ ਤੋਂ ਕੈਰੀਵਫਾਰਵਰਡ / ਡੀ-ਰਿਜ਼ਰਵ ਕਰਵਾਇਆ ਜਾਵੇ । ਇਹ ਡਾਕਟਰ ਐਮ.ਸੀ.ਆਈ. ਦੇ ਨਾਰਮ ਪੂਰਾ ਕਰਦਾ ਹੈ ਅਤੇ ਇਸ ਦੀ ਪਬਲੀਕੇਸ਼ਨ ਹੇਠ ਅਨੁਸਾਰ ਹਨ:-

(i) Unreported Kullers of Unbor – A case study journal of pb. Aca. of Forensic Med. & Texicology Vol. 7. Number 2, 2007, p. 70-75.
(ii) Medico Legal Diagnosis & Pattern of Injuries with Sharp Weapons journal of Indian Academy of Forensic Medicine Vol. 29, Number 4, Oct. to Dec 2007, p. 112-114.
(iii) Magnitude of Sodomy from Chemical Analysis in Punjab State Journal of Pb. Aca. of Forensic Med. & Toxicology Vol. 8; No. 1 Jan-June 2008 p. 6-11
(iv) Pulmonary Embolism & Medical Negligence : Two case Reports Journal of Pb. Aca. of Forensic Med. & Toxicology Vol. 9; No. 1 Jan-June 2009 p. 37-41.

(3) <u>ਸਹਾਇਕ ਪ੍ਰੋਫੈਸਰ (ਆਪਥੋਮੋਲੋਜੀ) - ਖਾਲੀ-1 (ਜਨਰਲ ਵਰਗ ਲਈ)</u>

ਡਾ: ਰਜੇਸ਼ ਕੁਮਾਰ, ਸੇਵਾ ਨੰ:6173, ਮੈਡੀਕਲ ਅਫਸਰ, ਸਿਵਲ ਹਸਪਤਾਲ, ਮਲੇਰਕੋਟਲਾ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਉਸ ਨੂੰ ਜਨਰਲ ਵਰਗ ਦੀ ਅਸਾਮੀ ਵਿਰੁੱਧ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

(4) <u>ਸਹਾਇਕ ਪ੍ਰੋਫੈਸਰ (ਐਨੇਸਥੀਸੀਆ) - ਖਾਲੀ-2 (1 ਜਨਰਲ ਵਰਗ ਲਈ ਅਤੇ 1 ਅ:ਜਾਤੀ ਲਈ):-</u>

(1) ਡਾ: ਰੀਨਾ ਮਖਨੀ, ਸੇਵਾ ਨੰ:5340, ਮੈਡੀਕਲ ਅਫਸਰ, ਮੈਡੀਸਨ ਵਿਭਾਗ, ਸਿਵਲ ਹਸਪਤਾਲ, ਅਜਨਾਲਾ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਉਸ ਨੂੰ ਜਨਰਲ ਵਰਗ ਦੀ ਅਸਾਮੀ ਵਿਰੁੱਧ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

(2) ਡਾ: ਗੀਟਾ, ਮੈਡੀਕਲ ਅਫਸਰ, ਸਿਵਲ ਹਸਪਤਾਲ ਕਪੂਰਥਲਾ, ਮੈਰਿਟ ਨੰ:26, ਅ:ਜ:, ਦਸੰਬਰ,1998 ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ

ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਉਸ ਨੂੰ ਅ:ਜਾਤੀ ਦੀ ਅਸਾਮੀ ਵਿਰੁੱਧ ਪਦ-ਉਨਤੀ ਲਈ ਡੈਫਰ ਕੀਤਾ ਜਾਂਦਾ ਹੈ।

(5) ਸਹਾਇਕ ਪ੍ਰੋਫੈਸਰ (ਟੀ.ਬੀ.ਐਂਡ ਚੈਸਟ) : ਖਾਲੀ - 1 (ਜਨਰਲ ਵਰਗ ਲਈ):-

ਡਾ: ਜਵਾਹਰ ਲਾਲ ਜੋਸ਼ੀ, ਸੇਵਾ ਨੰ:ਬੈਚ ਜੀ.ਸੀ.91, ਸਿਵਲ ਸਰਜਨ, ਪਟਿਆਲਾ ਦਾ 12 ਅੰਕਾਂ ਦਾ ਬਹੁਤ ਚੰਗਾ ਬੈਂਚ ਮਾਰਕ ਪੂਰਾ ਹੈ ਅਤੇ ਉਸ ਵਿਰੁੱਧ ਕੋਈ ਵਿਭਾਗੀ ਕਾਰਵਾਈ ਆਦਿ ਦਾ ਕੇਸ ਪੈਂਡਿੰਗ ਨਹੀਂ ਹੈ । ਇਸ ਲਈ ਕਮੇਟੀ ਵੱਲੋਂ ਉਸ ਨੂੰ ਜਨਰਲ ਵਰਗ ਦੀ ਅਸਾਮੀ ਵਿਰੁੱਧ ਪਦ-ਉਨਤੀ ਲਈ ਸਿਫਾਰਸ ਕੀਤਾ ਜਾਂਦਾ ਹੈ ।

ਵਿਭਾਗੀ ਤਰੱਕੀ ਕਮੇਟੀ ਵੱਲੋਂ ਵੱਖ-ਵੱਖ ਕੈਟਾਗਰੀਆਂ ਦੇ ਹੇਠ ਲਿਖੇ ਅਜੰਡੇ ਅਗਲੀ ਮੀਟਿੰਗ ਲਈ ਡੈਫਰ ਕਰ ਦਿੱਤੇ ਗਏ ਹਨ :-

1) **ਪ੍ਰੋਫੈਸਰ ਸਰਜਰੀ (2)ਪ੍ਰੋਫੈਸਰ ਐਸ.ਪੀ.ਐਮ (3)ਪ੍ਰੋਫੈਸਰ ਫਾਰਮਾਕੋਲੋਜੀ (4)ਐਸੋਸੀਏਟ ਪ੍ਰੋਫੈਸਰ ਸਰਜਰੀ (5)ਐਸੋਸੀਏਟ ਪ੍ਰੋਫੈਸਰ(ਈ.ਐਨ.ਟੀ.) (6)ਐਸੋਸੀਏਟ ਪ੍ਰੋਫੈਸਰ (ਸਕਿਨ ਐਂਡ ਵੀ.ਡੀ.) (7)ਐਸੋਸੀਏਟ ਪ੍ਰੋਫੈਸਰ (ਟੀ.ਬੀ.ਐਂਡ ਚੈਸਟ) (8)ਪ੍ਰੋਫੈਸਰ ਐਂਡੋਕਰੀਨੋਲੋਜੀ**

5. ਮੀਟਿੰਗ ਦੌਰਾਨ ਭਲਾਈ ਵਿਭਾਗ ਦੇ ਨੁਮਾਇੰਦੇ ਵੱਲੋਂ ਪ੍ਰੇਖਣ ਕੀਤਾ ਸੀ ਕਿ ਇਨ੍ਹਾਂ ਉਕਤ ਅਸਾਮੀਆਂ ਸਬੰਧੀ ਰੋਸਟਰ ਵੀ ਉਨ੍ਹਾਂ ਤੋਂ ਚੈਕ ਕਰਵਾ ਲਏ ਜਾਣ ਅਤੇ ਇਸ ਤਰ੍ਹਾਂ ਦਫ: ਡੀ.ਆਰ.ਐਮ.ਈ. ਦੇ ਡੀਲਿੰਗ ਸੁਪਰਡੰਟ ਅਤੇ ਸਹਾਇਕ ਵੱਲੋਂ ਭਲਾਈ ਵਿਭਾਗ ਦੇ ਨੁਮਾਇੰਦੇ ਤੋਂ ਰੋਸਟਰ ਚੈਕ ਕਰਵਾ ਕੇ ਉਨ੍ਹਾਂ ਦੇ ਹਸਤਾਖਰ ਕਰਵਾ ਲਏ ਗਏ ਹਨ । ਮੀਟਿੰਗ ਦੌਰਾਨ ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਨੂੰ ਇਹ ਵੀ ਕਹਿ ਦਿੱਤਾ ਗਿਆ ਸੀ ਕਿ ਬਾਕੀ ਦੀਆਂ ਰਹਿੰਦੀਆਂ ਅਸਾਮੀਆਂ ਬਾਰੇ ਰੋਸਟਰ ਭਲਾਈ ਵਿਭਾਗ ਤੋਂ ਜਲਦੀ ਚੈਕ ਕਰਵਾ ਲਏ ਜਾਣ ਅਤੇ ਅਗਲੀ ਮੀਟਿੰਗ ਵਿੱਚ ਇਸ ਦੀ ਪੁਸ਼ਟੀ ਕਰ ਦਿੱਤੀ ਜਾਵੇ ।

ਮੀਟਿੰਗ ਚੇਅਰਮੈਨ ਜੀ ਨੂੰ ਧੰਨਵਾਦ ਦਿੰਦੇ ਹੋਏ ਖਤਮ ਹੋਈ ।

(ਡਾ:ਤੇਜਬੀਰ ਸਿੰਘ )
ਡਾਇਰੈਕਟਰ,
ਖੋਜ ਤੇ ਮੈਡੀਕਲ ਸਿੱਖਿਆ

(ਵਿਨੀ ਮਹਾਜਨ)
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ।

(ਮਹਿੰਦਰ ਸਿੰਘ ਪਰਾਸ਼ਰ)
ਅਧੀਨ ਸਕੱਤਰ, ਪ੍ਰਸੋਨਲ
(ਪ੍ਰਸੋਨਲ ਵਿਭਾਗ ਦਾ ਨੁਮਾਇੰਦਾ)

(ਕਸ਼ਮੀਰਾ ਸਿੰਘ)
ਬਜਟ ਅਫਸਰ,ਵਿੱਤ ਵਿਭਾਗ
(ਭਲਾਈ ਵਿਭਾਗ ਦਾ ਨੁਮਾਇੰਦਾ)

(ਸੰਤੋਸ਼ ਕੌਰ)
ਸੁਪਰਡੰਟ, ਸਮਾਜਿਕ ਸੁਰੱਖਿਆ
ਅਤੇ ਇਸਤਰੀ ਤੇ ਬਾਲ ਵਿਕਾਸ।
(ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਦਾ ਨੁਮਾਇੰਦਾ)